**ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ**

**www.chandigarh.gov.in**

**ਪ੍ਰੈਸ ਨੋਟ**

ਚੰਡੀਗੜ੍ਹ, 25 ਅਗਸਤ :- ਯੂ.ਟੀ ਚੰਡੀਗੜ੍ਹ ਵਿਚ ਜਨਤਾ ਦੁਆਰਾ ਆਟੋ ਰਿਕਸ਼ਾ ਚਾਲਕਾਂ ਵਿਰੁੱਧ ਕੀਤੀਆਂ ਵਧੇਰੇ ਕਿਰਾਇਆ ਵਸੂਲ ਕਰਨ ਅਤੇ ਦੁਰਵਿਹਾਰ ਕਰਨ ਦੀਆਂ ਸ਼ਿਕਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਐਸ.ਟੇ.ਏ ਨੇ ਸਾਰੇ ਆਟੋ ਰਿਕਸ਼ਾ ਚਾਲਕਾਂ ਅਤੇ ਟੈਕਸੀ ਚਾਲਕਾਂ ਲਈ ਕੁਝ ਨਿਯਮ ਲਾਗੂ ਕੀਤੇ ਹਨ ਜਿਸ ਵਿਚ ਵਾਹਨ ਉੱਤੇ ਐਸ.ਟੀ.ਏ. ਦਾ ਸ਼ਿਕਾਇਤ ਨੰਬਰ 2700159 ਅਤੇ ਵਾਹਨ ਦੇ ਦੂਸਰੇ ਪਾਸੇ ਆਟੋ ਰਿਕਸ਼ਾ ਅਤੇ ਟੈਕਸੀ ਦੇ ਨਾਲ ਸੰਬੰਧਿਤ ਕਿਰਾਏ ਦੀ ਲਿਸਟ ਲਗਾਈ ਜਾਵੇਗੀ। ਉਹਨਾਂ ਨੇ ਇਹ ਵੀ ਸੂਚਨਾ ਦਿੱਤੀ ਹੈ ਕਿ ਜਦੋਂ ਤੱਕ ਵਾਹਨ ਉੱਤੇ ਸ਼ਿਕਾਇਤ ਨੰਬਰ ਅਤੇ ਕਿਰਾਏ ਦੀ ਲਿਸਟ ਨਹੀਂ ਲਗਾਈ ਜਾਂਦੀ ਉਦੋਂ ਤੱਕ ਵਾਹਨ ਨੂੰ ਪਾਸ ਨਹੀਂ ਕੀਤਾ ਜਾਵੇਗਾ ਅਤੇ ਜੋ ਉੱਪਰ ਦਿੱਤੇ ਆਦੇਸ਼ਾਂ ਦਾ ਪਾਲਣ ਨਹੀਂ ਕਰਦਾ ਉਸ ਦੇ ਵਾਹਨ ਦਾ ਚਲਾਣ ਵੀ ਕੀਤਾ ਜਾਵੇਗਾ।